ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਬਲਾਕ ਈ, ਪੰਜਵੀ ਮੰਜਿਲ, ਫੇਜ਼ 8, ਐਸ.ਏ.ਐਸ ਨਗਰ (ਮੁਹਾਲੀ) 0172-5212569

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.), ਪੰਜਾਬ
ਸਮੂਹ ਪ੍ਰਿੰਸੀਪਲ ਡਾਇਟ
ਸਮੂਹ ਡੀ.ਐਮ. ਗਣਿਤ ਅਤੇ ਬੀ.ਐਮ. ਗਣਿਤ
ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)
ਸਮੂਹ ਮੈਥ ਪੜ੍ਹਾਉਂਦੇ ਅਧਿਆਪਕ (ਵੈਬਸਾਈਟ ਰਾਹੀਂ)

ਮੀਮੋ ਨੰ: SCERT,OP/UP/2014/201828534
ਮਿਤੀ:- 12-07-2018

**ਵਿਸ਼ਾ :-** **ਸਕੂਲ ਪੱਧਰ ਤੇ ਗਣਿਤ ਮੇਲਾ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਮਾਣਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ ਜੀ ਦੇ ਨਿਰਦੇਸ਼ਾਂ ਹਿੱਤ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ-ਗਣਿਤ" ਪ੍ਰੋਗਰਾਮ ਤਹਿਤ ਸਮੂਹ ਸਕੂਲਾਂ ਵਿੱਚ ਗਣਿਤ ਵਿਸ਼ੇ ਦੇ ਗੁਣਾਤਮਕ ਸੁਧਾਰ ਲਈ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ । ਜਿਸ ਤਹਿਤ ਮਿਤੀ 04.07.2018 ਤੋਂ ਲਗਾਤਾਰ ਸਮੂਹ ਮਿਡਲ/ਹਾਈ/ਸੀ.ਸੈਕੰਡਰੀ ਸਕੂਲ ਵਿੱਚ ਮੈਥ ਪੜ੍ਹਾਉਂਦੇ ਅਧਿਆਪਕਾਂ ਨੂੰ ਦੋ ਰੋਜ਼ਾ ਟ੍ਰੇਨਿੰਗ ਦਿੱਤੀ ਜਾ ਰਹੀ ਹੈ।ਜਿਸਦੇ ਤਿੰਨ ਫੇਜ਼ ਮੁਕੰਮਲ ਹੋ ਚੁੱਕੇ ਹਨ।ਇਸ ਪ੍ਰੋਗਰਾਮ ਦੇ ਅਗਲੇ ਪੜਾਅ ਵਿੱਚ ਮਿਤੀ 17.07.2018 ਤੋਂ ਸਮੂਹ ਸਰਕਾਰੀ ਸਕੂਲਾਂ ਵਿੱਚ ਸਕੂਲ ਪੱਧਰ ਤੇ ਗਣਿਤ ਮੇਲੇ ਕਰਵਾਉਣ ਦਾ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ।ਜਿਸ ਲਈ ਹੇਠ ਲਿਖੇ ਅਨੁਸਾਰ Pre-Fair ਅਤੇ Math Fair ਦਾ ਸ਼ਡਿਊਲ ਜਾਰੀ ਕੀਤਾ ਜਾ ਰਿਹਾ ਹੈ:-

| ਮਿਤੀ/ਫੇਜ਼/ਸਥਾਨ | Pre-Fair ਦਾ ਸਮਾਂ (ਅਧਿਆਪਕਾਂ ਦੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਮਾਡਲ/ਕ੍ਰਿਆਵਾਂ ਦੀ ਤਿਆਰੀ ਕਰਵਾਉਣ ਦਾ ਸਮਾਂ) | Math Fair |
|---|---|---|
| ਮਿਤੀ. 17.07.2018 ਤੋਂ 21.07.2018 (ਫੇਜ਼-I) | 4 ਦਿਨ (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ |
| ਮਿਤੀ. 24.07.2018 ਤੋਂ 28.07.2018 (ਫੇਜ਼-II) | 4 ਦਿਨ (ਲਗਾਤਾਰ ਕੰਮ ਵਾਲੇ ਦਿਨ) | ਪੰਜਵੇਂ ਦਿਨ |
| ਸਥਾਨ | ਸਕੂਲ ਕੈਂਪਸ | |
| ਸਕੂਲ Participants | ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਅਤੇ ਦੱਸਵੀਂ ਜਮਾਤਾਂ ਦੇ ਵਿਦਿਆਰਥੀ ਅਤੇ ਮੈਥ ਪੜ੍ਹਾਉਂਦੇ ਅਧਿਆਪਕ | |

**ਨੋਟ :- ਡੀ.ਐਮ./ਬੀ.ਐਮ., ਅਧਿਆਪਕ ਦੀ ਵਿਸ਼ੇਸ਼ ਮੰਗ ਅਨੁਸਾਰ ਇਸ ਸ਼ਡਿਊਲ ਦੀ ਤਾਰੀਖ ਵਿੱਚ ਲੋੜੀਂਦੀ ਤਬਦੀਲੀ ਕਰ ਸਕਦੇ ਹਨ ਪਰ ਸਾਰੇ ਸਕੂਲਾਂ ਵਿੱਚ ਗਣਿਤ ਮੇਲੇ ਹਰ ਹਾਲਤ ਵਿੱਚ ਮਿਤੀ 28.07.2018 ਨੂੰ ਮੁਕੰਮਲ ਹੋ ਜਾਣੇ ਚਾਹੀਦੇ ਹਨ। ਇਸ ਸਬੰਧੀ ਸਬੰਧਤ ਡੀ.ਐਮ./ਬੀ.ਐਮ. ਪੋਰਟਲ ਦੀ google sheet ਵਿੱਚ ਤਬਦੀਲੀ ਅਪਲੋਡ ਕਰ ਸਕਦਾ ਹੈ।**

3.0 ਇਸ ਪ੍ਰੋਗਰਾਮ ਦੇ ਸਫਲ ਅਤੇ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਗਣਿਤ ਮੇਲਾ ਕਰਵਾਉਣ ਦੀ ਪਲੈਨਿੰਗ ਆਪਣੀ ਦੇਖ ਰੇਖ ਵਿੱਚ ਕਰਣਗੇ। ਇਸ ਲਈ ਉਪਰੋਕਤ 12 ਦਿਨਾਂ ਦੇ **Buffer time** ਵਿੱਚੋਂ ਕਿਸੇ ਇਕ ਫੇਜ਼ ਵਿੱਚ ਮੈਥ ਪੜ੍ਹਾ ਰਹੇ ਅਧਿਆਪਕ ਜਾਂ ਅਧਿਆਪਕਾਂ ਦੀ ਟੀਮ ਲਈ 4 ਲਗਾਤਾਰ ਵਰਕਿੰਗ ਦਿਨਾਂ ਦਾ (**with in school timetable**, ਕੋਈ ਲਗਾਤਾਰ ਤਿੰਨ ਪੀਰੀਅਡ) ਸਮਾਂ ਨਿਸ਼ਚਿਤ ਕਰ ਸਕਦੇ ਹਨ। ਪੰਜਵੇਂ ਦਿਨ ਗਣਿਤ ਮੇਲਾ ਆਯੋਜਿਤ ਕੀਤਾ ਜਾਵੇ। **ਗਣਿਤ ਮੇਲੇ ਲਗਾਉਣ ਲਈ ਹੇਠ ਲਿਖੀਆਂ ਕੁੱਝ ਗੱਲਾਂ ਤੇ ਧਿਆਨ ਦਿੱਤਾ ਜਾਵੇ :-**

1.0 ਗਣਿਤ ਮੇਲੇ ਵਿੱਚ ਛੇਵੀਂ, ਸੱਤਵੀਂ, ਅੱਠਵੀਂ, ਨੌਵੀਂ ਅਤੇ ਦੱਸਵੀਂ ਜਮਾਤਾ ਦੇ ਹਰ ਇੱਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ। ਗਣਿਤ ਮੇਲਾ ਸਾਂਝੇ ਤੌਰ ਤੇ ਛੇਵੀਂ ਤੋਂ ਦੱਸਵੀਂ ਤੱਕ ਦੀਆ ਜਮਾਤਾਂ ਲਈ ਇੱਕ ਹੀ ਲਗਾਇਆ ਜਾਵੇਗਾ। ਜੇਕਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ 500 ਤੋਂ ਉਪਰ ਹੈ ਤਾਂ ਉਹ ਵਿਦਿਆਰਥੀ ਦੀ ਸਹੂਲਤ ਅਤੇ ਗਣਿਤ ਮੇਲੇ ਨੂੰ ਸਫਲਤਾ ਪੂਰਵਕ ਕਰਵਾਉਣ ਲਈ (**with in phase**) ਦੋ ਦਿਨਾਂ ਵਿੱਚ ਲਗਾਤਾਰ ਕਰਵਾ ਸਕਦਾ ਹੈ।

1.1 ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਵਿਦਿਆਰਥੀਆਂ ਦੇ ਗਰੁੱਪ ਬਣਾਏ ਜਾਣ, ਹਰੇਕ ਗਰੁੱਪ ਵਿੱਚ ਇੱਕ ਛੇਵੀਂ, ਇੱਕ ਸੱਤਵੀਂ ਅਤੇ ਇੱਕ ਅੱਠਵੀਂ ਦੇ ਵਿਦਿਆਰਥੀ ਦਾ ਹੋਣਾ ਲਾਜ਼ਮੀ ਹੈ। ਇਸੇ ਤਰ੍ਹਾਂ ਨੌਵੀਂ ਦੱਸਵੀਂ ਦੇ ਵਿਦਿਆਰਥੀਆਂ ਦੀ ਗਰੁਪਿੰਗ ਵੇਲੇ ਇੱਕ ਵਿਦਿਆਰਥੀ ਨੌਵੀਂ ਅਤੇ ਇੱਕ ਵਿਦਿਆਰਥੀ ਦੱਸਵੀਂ ਦਾ ਗਰੁੱਪ ਕੀਤਾ ਜਾਵੇ।

1.2 ਹਰੇਕ ਵਿਦਿਆਰਥੀ-ਗਰੁੱਪ ਵਲੋਂ ਤਿਆਰ ਕੀਤੀ ਕਿਰਿਆ ਜਾਂ ਮਾਡਲ, ਸਾਰੇ ਵਿਦਿਆਰਥੀ-ਗਰੁੱਪਾਂ ਨਾਲ ਸਾਂਝੇ ਕੀਤੇ ਜਾਣ।

2) ਗਣਿਤ ਮੇਲਾ ਸਿਰਫ਼ ਤੇ ਸਿਰਫ਼ ਸਕੂਲ ਪੱਧਰ ਤੇ ਹੋਵੇਗਾ ਅਤੇ ਸਕੂਲ ਕੈਂਪਸ ਵਿੱਚ ਹੀ ਲਗਾਇਆ ਜਾਵੇ।

3) ਗਣਿਤ ਮੇਲੇ ਵਾਲੇ ਦਿਨ ਸਕੂਲ ਮੁੱਖੀ ਵਿਦਿਆਰਥੀਆਂ ਦੇ ਮਾਪਿਆਂ, ਪਿੰਡ ਦੇ ਪਤਵੰਤੇ ਸੱਜਣ, ਐਸ.ਐਮ.ਸੀ .ਕਮੇਟੀ ਦੇ ਮੈਂਬਰ, ਨੇੜੇ ਦੇ ਦੂਸਰੇ ਸਕੂਲਾਂ ਅਤੇ ਆਪਣੇ ਸਕੂਲ ਦੀਆਂ ਦੂਸਰੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਮੇਲਾ ਵੇਖਣ ਲਈ ਕਹੇਗਾ। ਨੇੜੇ ਦੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਨੂੰ ਵਿਜਿਟ ਕਰਵਾਉਣ ਲਈ, ਉਹਨਾਂ ਦੇ ਨਾਲ ਉਹਨਾਂ ਦੇ ਅਧਿਆਪਕ/ਇੰਚਾਰਜ ਦਾ ਆਉਣਾਂ ਲਾਜ਼ਮੀ ਕੀਤਾ ਜਾਵੇ।

4) ਪ੍ਰੀ-ਫੇਅਰ ਦੌਰਾਨ ਸਕੂਲ ਮੁੱਖੀ, ਸਕੂਲ ਦੇ ਮੈਥ ਪੜਾਉਣ ਵਾਲੇ ਅਧਿਆਪਕਾਂ ਦੀ ਅਤੇ ਦੂਸਰੇ ਅਧਿਆਪਕ (ਜਿਵੇਂ ਕਿ ਸਾਇੰਸ/ਕੋਈ ਹੋਰ ਵਿਸ਼ਾ) ਦੀ ਇੱਕ ਟੀਮ ਬਣਾਕੇ, ਰੋਜਾਨਾ 4 ਲਗਾਤਾਰ ਦਿਨ ਨਿਸ਼ਚਿਤ ਸਮੇਂ ਵਿੱਚ ਵਿਦਿਆਰਥੀਆਂ ਨੂੰ ਗਣਿਤ ਮੇਲੇ ਲਈ **selected** ਗਤੀਵਿਧੀਆਂ/**activities** ਨੂੰ ਬਣਾਉਣ ਦਾ ਸਮਾਂ ਦੇਣਗੇ। ਇਹ ਕੰਮ ਸਕੂਲ ਮੁੱਖੀ ਆਪਣੀ ਦੇਖ ਰੇਖ ਵਿੱਚ ਕਰਵਾਉਣਗੇ।

5) ਪ੍ਰੀ-ਫੇਅਰ ਦੌਰਾਨ ਵਿਦਿਆਰਥੀਆਂ ਨੂੰ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ। ਜਿਸ ਲਈ ਹੈੱਡ ਆਫਿਸ ਵੱਲੋਂ ਮਿਡਲ ਸਕੂਲਾਂ ਲਈ 1500/- ਰੁਪਏ ਪ੍ਰਤੀ ਸਕੂਲ ਪਹਿਲਾਂ ਖਰਚ ਕਰਨ ਵਾਲੀ ਰਾਸ਼ੀ ਦੀ ਹਦਾਇਤਾਂ/ਗ੍ਰਾਂਟ ਜਾਰੀ ਕਰ ਦਿੱਤੀ ਗਈ ਹੈ ਜੀ। ਹਾਈ ਅਤੇ ਸੀ.ਸੈਕੰਡਰੀ ਸਕੂਲ ਹਾਲ ਦੀ ਘੜੀ 3000/- ਰੁਪਏ ਪ੍ਰਤੀ ਸਕੂਲ ਦੇ ਹਿਸਾਬ ਨਾਲ ਅਮਲ-ਗਮੇਟਿਡ ਵਿੱਚ ਰਾਸ਼ੀ ਵਰਤ ਲੈਣ। ਇਹਨਾਂ ਗਣਿਤ ਮੇਲਿਆਂ ਦੀ ਰਾਸ਼ੀ ਪੀ.ਏ.ਬੀ. ਦੇ ਮਿੰਟਜ਼ ਮੁਤਾਬਿਕ ਜਲੱਦ ਹੀ ਜਾਰੀ ਕਰ ਦਿੱਤੀ ਜਾਵੇਗੀ।

6) ਅਧਿਆਪਕ ਵਿਦਿਆਰਥੀਆਂ ਨੂੰ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ, ਬਟਨ, ਮੋਤੀ, ਕੈਂਚੀ , ਚਾਰਟ ਆਦਿ ਨੂੰ ਘਰ ਤੋਂ ਹੀ ਲਿਆਉਣ ਲਈ ਪ੍ਰੇਰਿਤ ਕਰ ਸਕਦਾ ਹੈ। ਪ੍ਰੀ-ਫੇਅਰ ਦੌਰਾਨ ਵਿਦਿਆਰਥੀ ਆਪਣੀ ਗਣਿਤ ਪਾਠ ਪੁਸਤਕਾਂ ਅਤੇ ਰਫ਼ ਕਾਪੀ ਜਰੂਰ ਲੈ ਕੇ ਆਉਣ, ਕਿਉਂਕਿ ਕਿਰਿਆਵਾਂ/ਐਕਟੀਵਿਟੀਆਂ, ਪਾਠ ਪੁਸਤਕ ਨਾਲ ਸਬੰਧਤ ਹਨ ਅਤੇ ਵਿਦਿਆਰਥੀ ਨੂੰ ਸੰਕਲਪ ਸਮਝਣ ਲਈ ਕਿਤਾਬ ਪੜ੍ਹਨ ਅਤੇ ਕਾਪੀ ਤੇ ਨੋਟ ਕਰਨ ਵਿੱਚ ਰੁਚੀ ਪੈਦਾ ਹੋ ਸਕੇ।

7) ਗਣਿਤ ਮੇਲੇ ਦੌਰਾਨ ਵਿਦਿਆਰਥੀ, ਮੇਲਾ ਵੇਖਣ ਆਉਣ ਵਾਲਿਆਂ ਨੂੰ ਪੂਰੀ ਤਰ੍ਹਾਂ ਆਪਣੇ ਮਾਡਲ/ਕਿਰਿਆਵਾਂ ਤੋਂ ਜਾਣੂ ਕਰਵਾਉਣਗੇ, ਇਸ ਲਈ ਅਧਿਆਪਕ ਸਾਹਿਬਾਨ ਵਿਦਿਆਰਥੀਆਂ ਦੀ ਤਿਆਰੀ ਕਰਵਾਉਣਗੇ।

8) ਮੇਲੇ ਵਾਲੇ ਦਿਨ ਵਿਦਿਆਰਥੀਆਂ ਦੇ ਹਰ ਇੱਕ ਗਰੁੱਪ ਨੂੰ ਆਪਣੀ ਕਿਰਿਆਵਾਂ/ਮਾਡਲ ਦਿਖਾਉਣ ਲਈ ਸਕੂਲ ਵਿੱਚ ਉਪਲੱਬਧ ਬੈਂਚ/ਮੇਜ਼ ਆਦਿ ਮੁਹੱਈਆ ਕਰਵਾਇਆ ਜਾਵੇ। ਸਕੂਲ ਮੁੱਖੀ ਅਤੇ ਅਧਿਆਪਕ, ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਅਤੇ ਵਿਜਿਟਰ ਲਈ, ਪੀਣ ਵਾਲੇ ਸਾਫ ਪਾਣੀ ਦਾ ਪ੍ਰਬੰਧ ਹੋਵੇ । ਇਸ ਤੋਂ ਇਲਾਵਾ

ਪ੍ਰਦਰਸ਼ਨੀ ਦੇ ਸਥਾਨ ਦੀ ਚੋਣ ਲਈ ਹਵਾਦਾਰ ਜਗ੍ਹਾ/ਕਮਰੇ/ਹਾਲ ਵਿੱਚ ਆਯੋਜਿਤ ਕੀਤੀ ਜਾਵੇ, ਜਿਨ੍ਹਾਂ ਸਕੂਲਾਂ ਵਿੱਚ ਜਰਨੇਟਰ ਉਪਲੱਬਧ ਹੈ ਲੋੜ ਪੈਣ ਤੇ ਚਲਾਇਆ ਜਾਵੇ। ਗਣਿਤ ਮੇਲੇ ਦੀ ਤਿਆਰੀ ਅਤੇ ਮੁਕੰਮਲ ਪ੍ਰਬੰਧ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

9) ਗਣਿਤ ਮੇਲੇ ਵਾਲੇ ਦਿਨ ਭਾਰਤੀ ਪਰੰਪਰਾ ਮੁਤਾਬਿਕ ਗਣਿਤਿਕ ਰੰਗੋਲੀ ਬਣਾਈ ਜਾਵੇ। ਧਿਆਨ ਰੱਖਿਆ ਜਾਵੇ ਕਿ ਗਣਿਤ ਮੇਲੇ ਵਿੱਚ ਅੱਪਰ-ਪ੍ਰਾਇਮਰੀ ਜਮਾਤਾਂ ਦਾ ਹਰ ਇਕ ਵਿਦਿਆਰਥੀ ਕਿਸੇ ਨਾ ਕਿਸੇ ਐਕਟੀਵਿਟੀ ਵਿੱਚ ਭਾਗ ਜਰੂਰ ਲਵੇ। ਅਧਿਆਪਕ ਵਿਦਿਆਰਥੀਆਂ ਦੀ ਗਣਿਤ ਮੇਲੇ ਵਿੱਚ ਦਿਖਾਈ ਗਈ ਕਾਰਜਗੁਜਾਰੀ ਨੂੰ ਉਸਦੇ ਸਲਾਨਾ ਮੁਲਾਂਕਣ ਲਈ ਨੋਟ ਕਰ ਲੈਣ।

10) ਗਣਿਤ ਮੇਲੇ ਵਿੱਚ ਆਉਣ ਵਾਲੀਆਂ ਦੀ ਫੀਡ ਬੈਕ ਲਈ ਵੱਖਰਾ ਚਾਰਟ/ਬੋਰਡ ਆਦਿ ਲਗਾਇਆ ਜਾਵੇ।

11) ਗਣਿਤ ਮੇਲੇ ਦੌਰਾਨ ਮਹਾਨ ਗਣਿਤਕਾਰਾਂ ਦੇ ਪੋਸਟਰ, ਕੁਟੇਸ਼ਨਾਂ, ਕਿਰਿਆਵਾਂ ਨਾਲ ਸਬੰਧਤ ਚਾਰਟ ਆਦਿ ਦਾ ਵੀ ਪ੍ਰਦਰਸ਼ਨ ਕੀਤਾ ਜਾਵੇ।

12) ਗਣਿਤ ਮੇਲੇ ਦੌਰਾਨ ਬਣੇ ਮਾਡਲ/ਕਿਰਿਆਵਾਂ ਗਣਿਤ ਮੇਲੇ ਤੋਂ ਬਾਅਦ ਸਕੂਲ ਵਿੱਚ ਮੌਜੂਦ ਗਣਿਤ ਕਾਰਨਰ/ਲੈਬ ਵਿੱਚ ਰੱਖੀਆਂ ਜਾਣ। ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਸਕੂਲ ਵਿੱਚ ਗਣਿਤ ਲੈਬ ਜਾਂ ਕਾਰਨਰ ਵਿੱਚ ਪਹਿਲਾਂ ਮੌਜੂਦ ਕਿਰਿਆਵਾਂ/ਮਾਡਲਾਂ ਦਾ ਵੀ ਗਣਿਤ ਮੇਲੇ ਵਿੱਚ ਪ੍ਰਦਰਸ਼ਨ ਕੀਤਾ ਜਾਵੇ ਤਾਂ ਜੋ ਗਣਿਤ ਲੈਬ/ਕਾਰਨਰ ਦੀ ਅਪਡੇਟ ਹੋ ਸਕਣ।

13) ਗਣਿਤ ਮੇਲੇ ਦੀ ਪ੍ਰੀ-ਫੇਅਰ ਅਤੇ ਗਣਿਤ ਮੇਲੇ ਵਾਲੇ ਦਿਨਾਂ ਲਈ ਸਬੰਧਤ ਡੀ.ਐਮ./ਬੀ.ਐਮ. ਆਪਣਾ ਰੂਟ ਪਲਾਨ ਤਿਆਰ ਕਰਕੇ ਸਬੰਧਤ ਡਾਇਟ ਪ੍ਰਿੰਸੀਪਲ ਤੋਂ ਪ੍ਰਵਾਨ ਕਰਵਾਉਣ। ਰੂਟ ਪਲਾਨ ਇਸ ਤਰ੍ਹਾਂ ਤਿਆਰ ਕੀਤਾ ਜਾਵੇ ਕਿ ਸਬੰਧਤ ਡੀ.ਐਮ. ਜਾਂ ਬੀ.ਐਮ. ਲਾਜਮੀ ਤੌਰ ਤੇ ਹਰ ਇਕ ਸਕੂਲ ਨੂੰ ਗਣਿਤ ਮੇਲੇ ਲਈ ਘੱਟ ਤੋਂ ਘੱਟ ਇੱਕ ਵਾਰ ਜਾ ਕੇ ਪ੍ਰੀ-ਫੇਅਰ ਅਤੇ ਗਣਿਤ ਮੇਲੇ ਦੀ ਤਿਆਰੀ ਲਈ ਗਾਈਡ ਕਰ ਸਕਣ।

14) ਵਿਦਿਆਰਥੀਆਂ ਦਾ ਗਣਿਤ ਵਿਸ਼ੇ ਦਾ ਬੇਸਲਾਈਨ, ਗਣਿਤ ਮੇਲੇ ਤੋਂ ਬਾਅਦ ਕਰਵਾਇਆ ਜਾਵੇਗਾ। ਜਿਸ ਲਈ ਹੈੱਡ ਆਫਿਸ ਵੱਲੋਂ ਸਮਾਂ ਅਤੇ ਮਿਤੀ ਬਾਰੇ ਜਲਦ ਹੀ ਸੂਚਿਤ ਕੀਤਾ ਜਾਵੇਗਾ।

15) ਸਮੂਹ ਪ੍ਰਿੰਸੀਪਲਜ਼ ਡਾਇਟ, ਡਾਇਟ ਮੈਥ ਫੈਕਲਟੀ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਗਣਿਤ ਮੇਲਿਆਂ ਦੀ ਮੋਨਿਟਰਿੰਗ ਕਰਨ ਅਤੇ ਗਣਿਤ ਮੇਲੇ ਵਿੱਚ ਪਹੁੰਚ ਕੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ।

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ/** ਉਤਰ **ਮਿਤੀ :** 12-07-2018

ਉਪਰੋਕਤ ਦਾ ਉਤਾਰਾ ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਪੰਜਾਬ ਅਤੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡੀ.ਜੀ.ਐਸ.ਈ, ਪੰਜਾਬ।
2. ਡੀ.ਪੀ.ਆਈ (ਸੈ.ਸਿੱ) ਪੰਜਾਬ।
3. ਡੀ.ਪੀ.ਆਈ (ਐ.ਸਿੱ) ਪੰਜਾਬ।

**ਡਾਇਰੈਕਟਰ ਐਸ.ਸੀ.ਈ.ਆਰ.ਟੀ**
**ਪੰਜਾਬ**